---

ਨੰਨ੍ਹੇ ਮੁੰਨੇ ਗਰੁਪ –ਟੀ.ਟੀ. ਐਸ.2019 ਪਹਿਲੀ ਕਵਿਤਾ

# ਸਿੱਖ ਗੁਰੂ ਦਾ

ਇੱਕੋ ਰੱਬ ਨੂੰ ਮੰਨੇ ਜਿਹੜਾ । ਉਸਦੇ ਮਨ ਵਿੱਚ ਅਸਲੀ ਖੇੜਾ ।
ਦਸ ਗੁਰੂਆਂ ਦੀ ਜੋਤ ਨਿਰਾਲੀ । 'ਗੁਰੂ ਗ੍ਰੰਥ' ਦੇ ਵਿੱਚ ਸੰਭਾਲੀ ।
ਅੰਮ੍ਰਿਤ ਛੱਕ ਮੰਨਦਾ ਗੁਰਬਾਣੀ । ਸਿੱਖ ਗੁਰੂ ਦਾ ਹੈ ਉਹ ਪ੍ਰਾਣੀ ।
ਹੋਰ ਧਰਮ ਦੇ ਵੱਲ ਨਾ ਜਾਵੇ । ਸਿੱਖ ਗੁਰੂ ਦਾ ਉਹੀ ਕਹਾਵੇ ।

---

ਨੰਨ੍ਹੇ ਮੁੰਨੇ ਗਰੁਪ –ਟੀ.ਟੀ. ਐਸ.2019 ਦੂਜੀ ਕਵਿਤਾ

# ਸਫ਼ਾਈ

ਰੱਖੋ ਵੱਲ ਸਫ਼ਾਈ ਧਿਆਨ । ਅੰਮ੍ਰਿਤ ਵੇਲੇ ਕਰੋ ਇਸ਼ਨਾਨ ।
ਦੂਰ ਹੁੰਦੀ ਹੈ ਜਿੱਥੇ ਸੁਸਤੀ । ਆ ਜਾਂਦੀ ਹੈ ਉੱਥੇ ਚੁਸਤੀ ।
ਉੱਦਮੀ ਬੱਚੇ ਨਿੱਤ ਨਹਾਉਣ । ਆਪਣਾ ਆਪ ਨਿਰੋਗ ਬਣਾਉਣ ।
ਜਿਹੜੇ ਬੱਚੇ ਨਹਾਉਣ ਤੋਂ ਡਰਦੇ । ਉਹ ਨਾ ਕੋਈ ਤਰੱਕੀ ਕਰਦੇ ।
ਰਖਦਾ ਸਾਫ਼ ਜਿਸਮ ਨੂੰ ਪਾਣੀ । ਮਨ ਨੂੰ ਸਾਫ਼ ਰਖੇ ਗੁਰਬਾਣੀ ।

---

---

**ਨੰਨ੍ਹੇ ਮੁੰਨੇ ਗਰੁਪ –ਟੀ.ਟੀ. ਐਸ.2019** **ਤ੍ਰੀਜੀ ਕਵਿਤਾ**

# ਸਿੱਖੀ – ਸਿੱਖੀ ਜ਼ਿੰਦਾਬਾਦ

**ਦੇਗ ਤੇਗ ਫ਼ਤਿਹ, ਪੰਥ ਕੀ ਜੀਤ, ਰਾਜ ਕਰੇਗਾ ਖਾਲਸਾ !!**

**ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਦੇ, ਸਜਦੇ ਦੀਵਾਨ ਰਹੇਂ ਪੰਥ ਮਹਾਰਾਜ ਦੇ !!**

ਸਿੱਖੀ ਮੇਰੀ ਜਾਨ ਹੈ, ਸਿੱਖੀ ਮੇਰੀ ਸ਼ਾਨ ਹੈ !!

ਸਿੱਖੀ ਵਿੱਚ ਅਸੀਂ ਰਹਿੰਦੇ ਹਾਂ ਤੇ ਸਿੱਖੀ ਵਿੱਚ ਅਸੀਂ ਕਹਿੰਦੇ ਹਾਂ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖਾਂ ਦੀ ਰਹਿਣੀ ਸੁਹਣੀ ਹੈ, ਸਿੱਖਾਂ ਦੀ ਬਹਿਣੀ ਮੋਹਣੀ ਹੈ !!

ਸਿੱਖਾਂ ਦੀ ਕਰਣੀ ਤਿੱਖੀ ਹੈ ਤੇ ਸਿੱਖਾਂ ਦੀ ਬੋਲੀ ਮਿੱਠੀ ਹੈ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖ ਸਚ ਤੇ ਚਲਦੇ ਨੇ. ਸਿੱਖ ਪਿਆਰ ਵਿੱਚ ਰਲਦੇ ਨੇ !!

ਦੁਖ ਵਿੱਚ ਸੁਖ ਮਨਾਉਂਦੇ ਨੇ ਤੇ ਵਾਹਿਗੁਰੂ ਵਾਹਿਗੁਰੂ ਗਾਉਂਦੇ ਨੇ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖੀ ਗੁਰੂ ਨੇ ਦਿਤੀ ਹੈ, ਅੰਮ੍ਰਿਤ ਛੱਕ ਕੇ ਲੀਤੀ ਹੈ !!

ਸਿੱਖੀ ਦੀ ਕਰਾਂ ਮੈਂ ਗੱਲ, ਗਾਉਂਦਾ ਜਾਂਦਾ ਹਰ ਪਲ–ਪਲ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖੀ ਦਾ ਪੁਜਾਰੀ ਹਾਂ, ਉਮੀਦਾਂ ਆਪਣੀ ਵਾਰੀ ਹਾਂ !!

ਘਰ–ਘਰ ਸਿੱਖੀ ਲੈ ਆਉਣ ਲਈ, ਮੈਂ ਚੈਨ ਨੀਂਦ ਨਾ ਸੌਂਦਾ ਹਾਂ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਪ੍ਰਾਈਮਰੀ ਗਰੁਪ – ਏ 2019 ਪਹਿਲੀ ਕਵਿਤਾ

# ਅਰਦਾਸ

ਪਹਿਲਾਂ ਸਿਮਰੋ ਰੱਬੀ ਸ਼ਕਤੀ । ਯਾਦ ਕਰੋ ਗੁਰੂਆਂ ਦੀ ਭਗਤੀ ।
ਪੰਜ ਪਿਆਰੇ, ਗੁਰੂ ਸਵਾਰੇ । ਚਾਰ ਸਾਹਿਬਜ਼ਾਦੇ, ਗੁਰੂ ਦੁਲਾਰੇ ।
ਚਾਲੀ ਮੁਕਤੇ, ਹੋਰ ਬਹਾਦਰ । ਸਾਰੇ ਸਿੱਖ ਧਰਮ ਦੀ ਚਾਦਰ ।
ਪੰਜੇ ਤਖਤ, ਸਾਰੇ ਗੁਰਦੁਆਰੇ । ਵਾਹਿਗੁਰੂ ਕਹੋ, ਯਾਦ ਕਰ ਸਾਰੇ ।
ਸਦਾ ਹੀ ਹੋਵੇ ਪੰਥ ਕੀ ਜੀਤ । ਗੁਰਸਿੱਖ ਗੁਰੂ ਦੀ ਵਧੇ ਪ੍ਰੀਤ ।
ਮਨ ਨੀਵਾਂ, ਮੱਤ ਹੋਵੇ ਉੱਚੀ । ਬਣੇ ਜ਼ਿੰਦਗੀ ਸੱਚੀ–ਸੁੱਚੀ ।
ਵਿੱਛੜੇ ਸਾਥੋਂ ਜੋ ਗੁਰ–ਧਾਮ । ਦਰਸ਼ਨ ਪਰਸਣ ਸਿੰਘ ਤਮਾਮ ।
ਅਕਾਲ ਪੁਰਖ ਸਦਾ ਤੇਰੀ ਓਟ । ਦੂਰ ਕਰੀਂ ਸਾਡੀ ਸਭ ਖੋਟ ।
ਚਿਤ ਵਿੱਚ ਹਰ ਦਮ ਤੇਰੀ ਬਾਣੀ । ਸਿੰਘ ਸਜਣ ਸਭ ਪਿੰਡ–ਪ੍ਰਾਣੀ ।
ਮੇਲੀਂ ਦਾਤਾ ਪਿਆਰੇ ਸੋਈ । ਨਾਮ ਦੀ ਵੰਡਣ ਜੋ ਖੁਸ਼ਬੋਈ ।
ਪੰਥ ਦੀ ਹੋਵੇ ਚੜ੍ਹਦੀ ਕਲਾ । ਖ਼ਾਲਸਾ ਮੰਗੇ ਸਰਬੱਤ ਦਾ ਭਲਾ ।

---

ਪ੍ਰਾਈਮਰੀ ਗਰੁਪ – ਏ 2019 ਦੂਜੀ ਕਵਿਤਾ

# ਨਿਸ਼ਾਨ ਸਾਹਿਬ

ਸਭ ਦੇਸ਼ਾਂ ਦੇ ਅੱਡ ਨਿਸ਼ਾਨ । ਨਿਸ਼ਾਨ ਖਾਲਸਾ ਅਤਿ ਮਹਾਨ ।
ਇਸ ਦੇ ਸਿਰ ਤੇ ਖੰਡਾ ਚਮਕੇ । ਦੋ ਕਿਰਪਾਨਾਂ ਚੱਕਰ ਦਮਕੇ ।
ਛੇਵੇਂ ਗੁਰੁ ਨੇ ਸ਼ੁਰੂ ਕਰਾਏ । ਸਭ ਗੁਰਦੁਆਰਿਆਂ ਉੱਤੇ ਝੁਲਾਏ ।
ਅਕਾਲ–ਤਖ਼ਤ, ਹਰਿਮੰਦਰ ਮੂਹਰੇ । ਨਿਸ਼ਾਨ ਏਸ ਥਾਂ ਝੂਲਦੇ ਦੂਹਰੇ ।
ਝੂਲੇ ਅਰਸ਼ਾਂ ਵਿੱਚ ਫਰੇਰਾ । ਪੰਥ ਖਾਲਸਾ ਅਤਿ ਉਚੇਰਾ ।
ਆਪਣੇ ਪੈਰ ਅਗਾਹਾਂ ਧਰਦੇ । ਸੂਰੇ ਜਿੱਤ ਪ੍ਰਾਪਤ ਕਰਦੇ ।
ਨਿਸ਼ਾਨ ਸਾਹਿਬ ਦਾ ਇਹੋ ਸੰਦੇਸ਼ਾ । ਪੰਥ ਖਾਲਸਾ ਵਧੇ ਹਮੇਸ਼ਾ ।

---

ਸਬ ਜੂਨੀਅਰ ਗਰੁਪ – ਬੀ 2019 ਪਹਿਲੀ ਕਵਿਤਾ

# ਸਿੱਖ ਤਿਉਹਾਰ

ਸੱਭ ਕੌਮਾਂ ਦੇ ਵੱਖਰੇ–ਵੱਖਰੇ ਹਨ ਦਿਨ–ਤਿਉਹਾਰ ।
ਆਪਣੇ ਤਿਉਹਾਰਾਂ ਨਾਲ ਕਰਦੇ ਹਨ ਸਭ ਪਿਆਰ ।

ਸਿੱਖਾਂ ਦੇ ਤਿਉਹਾਰ ਨਿਰਾਲੇ । ਸਿੱਖੀ ਦੀ ਸ਼ਾਨ ਵਧਾਉਣ ਵਾਲੇ ।
ਪ੍ਰਕਾਸ਼, ਗੁਰ–ਗੱਦੀ, ਸ਼ਹੀਦੀ ਦਿਹਾੜੇ । ਸਿੱਖਾਂ ਲਈ ਬੜੇ ਖ਼ਾਸ ਹਨ ਸਾਰੇ।
ਦਿਵਸ ਖ਼ਾਲਸਾ ਜੋ ਵੈਸਾਖੀ । ਚੜ੍ਹਦੀ ਕਲਾ ਦੀ ਭਰਦਾ ਸਾਖੀ ।
ਆਪਣੇ ਗੁਰਪੁਰਬ ਮਨਾਉਣ ਜਿਹੜੇ । ਖੁਸ਼ੀਆਂ ਆਵਣ ਉਹਨਾਂ ਦੇ ਵਿਹੜੇ।
ਬੱਚਿਓ ! ਸਿੱਖ ਤਿਉਹਾਰ ਮਨਾਓ ! ਤਰੱਕੀ ਦੇ ਰਾਹ ਵੱਧਦੇ ਜਾਓ !
ਗੁਰ–ਸਿਖਿਆ ਸੁਣ–ਸਮਝ ਅਪਨਾਓ ! ਆਪਣਾ ਜੀਵਨ ਸਫ਼ਲ ਬਣਾਓ !

---

ਸਬ ਜੂਨੀਅਰ ਗਰੁਪ – ਬੀ 2019 ਦੂਜੀ ਕਵਿਤਾ

# ਸਿਖਿਆ ਸਿੱਖੀ ਦੀ

ਗੁਰੂ ਗ੍ਰੰਥ ਸਾਹਿਬ ਕੋਲੋਂ ਲਓ ਸਿਖਿਆ । ਰੱਬ ਕੋਲੋਂ ਨਾਮ–ਦਾਨ ਮੰਗੋ ਭਿਖਿਆ ।
ਟੇਕਣਾ ਨਾ ਮੱਥਾ ਦੇਹਧਾਰੀ ਗੁਰੂ ਨੂੰ । ਮੰਨਣਾ ਨਾ ਕਿਸੇ ਦੇਹਧਾਰੀ ਗੁਰੂ ਨੂੰ ।
ਗੁਰ ਦੀ ਸੰਗਤ ਕਰੇ ਸਿੱਖ ਨਿਤ–ਨੇਮ । ਸੀਸ ਨਿਵਾਵੇ ਸਿਰਫ਼ ਗੁਰੂ ਨੂੰ ਹਰ–ਦਮ ।
ਮੂਰਤੀ ਦੀ ਪੂਜਾ ਸਿੱਖ ਨਹੀਂ ਕਰਦਾ । ਆਪਣੇ ਹੀ ਗੁਰਾਂ ਵੱਲ ਧਿਆਨ ਉਹ ਧਰਦਾ।
ਫਿਲਮਾਂ ਨਾ ਦੇਖੇ ਸਿੱਖ ਬੱਚਾ ਮਾੜੀਆਂ । ਪਾਵੇ ਚੰਗੇ ਬੱਚਿਆਂ ਨਾਲ ਆੜੀਆਂ ।
ਅੱਧਾ ਨਾਮ ਨਹੀਂ ਕਿਸੇ ਦਾ ਉਚਾਰਨਾ । ‘ਸਿੰਘ’ ‘ਕੌਰ’ ਲਾ ਕੇ ਨਾਮ ਹੈ ਸ਼ਿੰਗਾਰਨਾ।
ਸਿੱਖ ਬੱਚਾ ਨਸ਼ਿਆਂ ਤੋਂ ਦੂਰ ਹੈ ਰਹਿੰਦਾ । ਚੰਗੇ ਕੰਮਾਂ ਵਿੱਚ ਮਸ਼ਰੂਫ਼ ਹੈ ਰਹਿੰਦਾ ।
ਵਰਤ ਸ਼ਰਾਧ ਸਿੱਖਾਂ ਤਾਈਂ ਭਾਉਂਦੇ ਨਹੀਂ । ਭਰਮ ਭੁਲੇਖੇ ਸਿੱਖਾਂ ਕੋਲ ਆਉਂਦੇ ਹੀ ਨਹੀਂ।
ਜ਼ਾਤ ਪਾਤ ਵਾਲੜਾ ਵਿਚਾਰ ਨਾ ਕਰੇ । ਕਦੇ ਕਿਸੇ ਗੱਲ ਦਾ ਹੰਕਾਰ ਨਾ ਕਰੇ ।
ਸਿੱਖ ਬੱਚੇ ਮਿਲ ਕੇ ਫ਼ਤਿਹ ਨੇ ਬੁਲਾਉਂਦੇ । ਚੜ੍ਹਦੀ ਕਲਾ ਵਿੱਚ ਪੰਥ ਨੂੰ ਲਿਜਾਉਂਦੇ ।

---